1.
ਮੁੰਡਿਆਂ ਦੀਆਂ ਨਸਲਾਂ

ਪ੍ਰੋ. ਜਸਪਾਲ ਸਿੰਘ
+91 81465-65631

ਕੁਝ ਮੁੰਡੇ
ਅਰਬੀ ਨਸਲ ਦੇ ਅੱਥਰੇ ਘੋੜੇ ਹੁੰਦੇ ਹਨ,
ਜਿਨ੍ਹਾਂ ਦੇ ਮੂੰਹ ਵਿਚ ਤੁੰਨੀ ਲੋਹ-ਚੰਮ ਦੀ ਲਗਾਮ,
ਰੀੜ੍ਹ ਦੀ ਹੱਡੀ ਦਾ ਕੰਡਾ ਹੁੰਦੀ ਹੈ,
ਇਹ ਘੋੜੇ ਇਸ ਲਈ ਨਹੀਂ ਜੰਮਦੇ
ਕਿ ਕੋਈ ਆਦਮ ਨਸਲ ਦਾ ਜੌਕੀ
ਇਨ੍ਹਾਂ ਦੇ ਪਿੱਠ 'ਤੇ ਜੋਕ ਬਣ ਜਾਵੇ
ਬਲਕਿ ਇਹ ਘੋੜੇ ਤਾਂ
ਬੇਬਾਕ ਦੌੜਦਿਆਂ ਸਦੀ ਜਿਹੀਆਂ ਲੰਮੀਆਂ,
ਪੁਲਾਘਾਂ ਭਰਦਿਆਂ,
ਪੌਣ ਦੀ ਨਸਲ 'ਚ ਹੋਣ ਦਾ ਦਾਅਵਾ ਕਰਦੇ ਹਨ।

ਕੁਝ ਮੁੰਡੇ
ਮਾਰੂਥਲ ਹੁੰਦੇ ਹਨ
ਜੋ ਵਿਸ਼ਾਲ ਦਿਸਹੱਦਿਆਂ ਤੱਕ
ਫੈਲਣ ਉਪਰੰਤ ਵੀ
ਕਿਸੇ ਦੀ ਅੱਖ ਦਾ ਤਾਰਾ ਨਹੀਂ ਬਣਦੇ
ਜਿਨ੍ਹਾਂ ਦੀ ਹੋਂਦ ਦਾ ਮਤਲਬ ਰਹਿ ਜਾਂਦਾ ਹੈ
ਮਹਿਜ਼
ਅੱਗ ਵਾਂਗ ਧੁਖਣਾ,
ਜਾਂ ਫਿਰ
ਬਰਫ਼ ਵਾਂਗ ਯੱਖ ਹੋ ਜਾਣਾ।

ਕੁਝ ਮੁੰਡੇ
ਰੰਗਦਾਰ ਗੁਬਾਰੇ ਹੁੰਦੇ ਹਨ

ਜੋ ਫੂਕ ਛਕਦੇ ਹਨ
ਉੱਚਾ ਉੱਠਦੇ ਹਨ
ਖੂਬ ਉੱਡਦੇ ਹਨ
ਤੇ ਫਿਰ
ਕਿਸੇ ਅਣ-ਸੁਣੇ ਧਮਾਕੇ ਨਾਲ
ਹਵਾ ਵਿਚ ਹੀ ਠੁਸ ਹੋ ਜਾਂਦੇ ਹਨ
ਜਿਨ੍ਹਾਂ ਦਾ ਜ਼ਮੀਨ ਨੂੰ ਛੂਹਣ ਦਾ ਸੁਪਨਾ
ਪਥਰਾਏ ਸੀਨਿਆਂ ਦੀ ਇਕ ਤਾਂਘ ਬਣ ਜਾਂਦਾ ਹੈ।

ਕੁਝ ਮੁੰਡੇ
ਤੂਤ ਦੀ ਛਟੀ ਹੁੰਦੇ ਹਨ,
ਜੋ ਝੱਖੜਾਂ ਦੀ ਜੜ੍ਹ ਪੁੱਟ ਧੌਂਸ ਮੂਹਰੇ
ਲਿਫ਼ਦੇ ਜ਼ਰੂਰ ਹਨ
ਪਰ ਟੁੱਟਦੇ ਨਹੀਂ
ਜਿਨ੍ਹਾਂ ਨੂੰ ਤੋੜਨ ਦਾ ਸੁਪਨਾ
ਤੋੜਨ ਤੋਂ ਪਹਿਲਾਂ ਹੀ
ਕੜ-ਕੜ ਕਰਕੇ
ਟੁੱਟ ਜਾਂਦਾ ਹੈ।

ਕੁਝ ਮੁੰਡੇ
ਚੀਨੇ ਕਬੂਤਰ ਵਰਗੇ ਹੁੰਦੇ ਹਨ,
ਜੋ ਰੰਗਦਾਰ ਛਤਰੀਆਂ 'ਤੇ ਬੈਠੇ
ਗੁੰਟਰ-ਗੂੰ ਗੁਟਰ-ਗੂੰ ਦੇ ਗੀਤ ਗਾਉਂਦੇ,
ਕਬੂਤਰ ਬਾਜ਼ਾਂ ਦੀਆਂ ਤਲੀਆਂ 'ਤੇ ਪਰੋਸੀ
ਬਦਾਮੀ ਮੇਵਿਆਂ ਦੀ ਦਾਵਤ ਉਡਾਉਂਦੇ ਹਨ।
ਪਰਿੰਦਿਆਂ ਦੀ ਇਹ ਖੂਬਸੂਰਤ ਨਸਲ,

ਆਪਣੇ ਆਕਾ ਦੇ ਇਸ਼ਾਰਿਆਂ 'ਤੇ
ਕੋਮਲ ਪਰਾਂ ਦੀ ਤਾਕਤ ਨਾਲ
ਆਕਾਸ਼ ਨੂੰ ਸਮੇਟਣ ਦੀ,

ਲਾਮਿਸਾਲ ਬਾਜ਼ੀ ਲਾਉਂਦੀ ਹੈ
ਇਹ ਭੋਲ਼ੇ ਪੰਛੀ ਨਹੀਂ ਜਾਣਦੇ
ਇਨ੍ਹਾਂ ਦੀ ਹਾਰੀ ਹੋਈ ਬਾਜ਼ੀ ਦਾ
ਕਦੇ-ਕਦੇ ਅਰਥ ਹੁੰਦਾ ਹੈ
ਆਪਣੇ ਹੀ ਆਕਾ ਦੇ ਬੇ-ਰਹਿਮ ਪੋਟਿਆਂ 'ਚ
ਇਨ੍ਹਾਂ ਦੀ ਰੇਸ਼ਮੀ ਧੌਣ ਦੇ ਮਣਕਿਆਂ ਦਾ
ਕੜਿਕ-ਕੜਿਕ ਕਰ ਜਾਣਾ,
ਆਪਣੀ ਬੇਗੁਨਾਹੀ ਦਾ ਸਾਰਾ ਸਬੂਤ
ਹੰਝੂ-ਹੰਝੂ ਹੋਈਆਂ ਮਾਸੂਮ ਅੱਖਾਂ 'ਚ ਲੈ
ਕੁਝ ਪਲਾਂ ਦੀ ਛਟ ਪਟਾਹਟ ਤੋਂ ਬਾਅਦ
ਜ਼ਮੀਨ 'ਤੇ ਮਹਿਜ਼ ਮਾਸ ਦਾ ਲੋਥੜਾ ਹੋ ਜਾਣਾ,
ਤੇ ਆਖਿਰ ਬਣ ਜਾਣਾ,
ਆਪਣੇ ਆਕਾ ਦੀ ਸ਼ਾਮ ਦੀ ਖੁਰਾਕ
ਤੇ ਪੋਟਿਆਂ 'ਤੇ ਲਿਬੜਿਆਂ ਚਟਪਟਾ ਸੁਆਦ।

ਕੁਝ ਮੁੰਡੇ
ਪੂਰਬ ਚੋਂ ਫੁੱਟਦੇ ਸੂਰਜ ਦੀ
ਜੇਠੀ ਕਿਰਨ ਦਾ ਸੰਧੂਰੀ ਰੰਗ ਹੁੰਦੇ ਹਨ
ਜੋ ਸੁੱਤੀ ਲੋਕਾਈ ਨੂੰ ਜਾਗਣ ਦਾ ਹੋਕਾ ਦਿੰਦੇ ਹਨ
ਚੜ੍ਹਦੀਕਲਾ ਦੇ ਇਹ ਚਿਰਾਗ
ਜ਼ਿੰਦਗੀ ਦੇ ਮਕਸਦ ਨੂੰ
ਆਸ਼ਾ ਦੇ ਚਾਨਣ ਨਾਲ

ਨੂਰੋ-ਨੂਰ ਕਰ ਦਿੰਦੇ ਹਨ।

ਕੁਝ ਮੁੰਡੇ
ਲਹਿੰਦੇ ਵੱਲ ਢਲਦੇ ਸੂਰਜ ਦੀ
ਥੱਕੀ ਟੁੱਟੀ ਜ਼ਿੰਦਗੀ ਦਾ

ਖਿੰਡਿਆ-ਪੁੰਡਿਆ ਪਰਛਾਵਾਂ ਹੁੰਦੇ ਹਨ,
ਜੋ ਸੂਹੀ ਸਵੇਰ ਦੇ ਚੜ੍ਹਨ ਤੋਂ ਪਹਿਲਾਂ ਹੀ
ਨਿਰਾਸ਼ਾ ਦੀ ਉਂਗਲ ਫੜ,
ਜੰਗਲ 'ਚ ਫੈਲੇ ਘੁੱਪ ਹਨੇਰਿਆਂ 'ਚ
ਹਮੇਸ਼ਾ ਲਈ ਗੁਆਚ ਜਾਂਦੇ ਹਨ
ਇਕ ਹਟਕੋਰੇ ਦੇ ਨਾਲ
ਇਕ ਸ਼ਿਕਵੇ ਦੇ ਨਾਲ
ਕਿ ਜ਼ਿੰਦਗੀ ਨੇ ਉਨ੍ਹਾਂ ਦੇ ਬੂਹੇ 'ਤੇ
ਸੱਚ-ਮੁੱਚ ਕਦੇ ਕੋਈ ਦਸਤਕ ਨਹੀਂ ਦਿੱਤੀ।

ਕੁਝ ਮੁੰਡੇ
ਸਰਵਣ ਪੁੱਤ ਹੁੰਦੇ ਹਨ
ਜਿਨ੍ਹਾਂ ਲਈ ਵਹਿੰਗੀਆਂ ਦਾ ਭਾਰ
ਗਰਭ ਜੂਨੇ ਹੀ ਨਸੀਬ ਬਣ ਜਾਂਦਾ ਹੈ।
ਧਰਤੀ ਦੇ ਇਹ ਸਾਊ ਪੁੱਤ
ਧਰਤੀ ਹੇਠਲੇ ਬਲਦ ਨੂੰ ਵੀ
ਮੋਢਾ ਦੇਣ ਦਾ ਦਮ ਰੱਖਦੇ ਹਨ
ਬਸ਼ਰਤੇ,
ਕਿਸੇ ਪੈਂਤੜੇਬਾਜ਼ ਦੇ ਤੀਰਾਂ ਦੀ ਨੋਕ,
ਇਨ੍ਹਾਂ ਦੇ ਸੀਨਿਆਂ ਦੇ ਆਰ-ਪਾਰ ਨਾ ਹੋ ਜਾਵੇ।

ਕੁਝ ਮੁੰਡੇ
ਇਤਿਹਾਸ ਹੁੰਦੇ ਹਨ,
ਝੰਡਾ ਬਰਦਾਰ ਹੁੰਦੇ ਹਨ,
ਜੋ ਸਮਾਜ 'ਚ ਵਾਪਰ ਰਹੀਆਂ
ਅਣਹੋਣੀਆਂ ਨੂੰ ਸਵੀਕਾਰ ਨਹੀਂ ਕਰਦੇ,
ਉਨ੍ਹਾਂ ਲਈ ਇਕ ਲਲਕਾਰ ਬਣ ਜਾਂਦੇ ਹਨ,
ਇਕ ਤਲਵਾਰ ਬਣ ਜਾਂਦੇ ਹਨ
ਸੋਨ-ਸੁਨਹਿਰੀ ਭਵਿੱਖ ਲਈ
ਪੈਗਾਮ-ਏ-ਆਵਾਮ ਬਣ ਜਾਂਦੇ ਹਨ
ਕੁਝ ਮੁੰਡੇ ਇਤਿਹਾਸ ਹੁੰਦੇ ਹਨ,
ਝੰਡਾ-ਬਰਦਾਰ ਹੁੰਦੇ ਹਨ।

****

2.
ਇਤਰਾਜ਼

ਦੀਵੇ ਨੂੰ ਆਪਣੇ ਚਾਨਣ 'ਤੇ ਹੀ ਇਤਰਾਜ਼ ਲੱਗਦਾ ਹੈ,
ਇਹ ਕਾਲੇ ਦੌਰ ਦੀ ਸਾਜ਼ਿਸ ਦਾ ਹੀ ਆਗਾਜ਼ ਲੱਗਦਾ ਹੈ।

ਨਾ ਤਿੱਤਲੀ ਫੁੱਲ ਨੂੰ ਚੁੰਮਦੀ ਤੇ ਨਾ ਹੀ ਕੂਕਦੀ ਕੋਇਲ,
ਭਾਵੇਂ ਮੌਸਮ ਬਹਾਰਾਂ ਦਾ ਮਗਰ ਨਾ-ਸਾਜ਼ ਲੱਗਦਾ ਹੈ।

ਜਿਹੜਾ ਅੰਬਰ ਦੀ ਹਿੱਕ ਚੀਰੇ ਪਰਿੰਦਾ ਨਜ਼ਰ ਨਹੀਂ ਆਉਂਦਾ,
ਕਾਂਵਾਂ, ਉੱਲੂਆਂ ਦਾ ਜਮਘਟ ਹੈ ਨਾ ਕੋਈ ਬਾਜ਼ ਲੱਗਦਾ ਹੈ।

ਸੋਨੇ ਦੇ ਪਿੰਜਰੇ 'ਚ ਜਦ ਪਰਿੰਦਾ ਫੜ-ਫੜਾਉਂਦਾ ਹੈ,
ਉਹਨੂੰ ਟੁੱਟਿਆ ਵੀ ਖੰਭ ਆਪਣਾ ਕੋਈ ਪਰਵਾਜ਼ ਲੱਗਦਾ ਹੈ।

ਮੇਰੇ ਨਾਸੂਰ ਦੇ ਦਰਦਾਂ ਦੀ ਕੋਈ ਆਵਾਜ਼ ਬਣ ਜਾਵੇ,
ਏਦਾਂ ਦੇ ਗੀਤ ਜਾਂ ਸ਼ੇਅਰ ਨਾ ਕੋਈ ਸਾਜ਼ ਲੱਗਦਾ ਹੈ।

ਰਗਾਂ ਵਿਚ ਖੌਲਣਾ ਭੁੱਲਿਆ ਤੇ ਰੰਗ ਵੀ ਹੋ ਗਿਆ ਚਿੱਟਾ,
ਲਹੂ ਆਪਣੀ ਹੀ ਫਿਤਰਤ ਤੋਂ ਬੜਾ ਨਾਰਾਜ਼ ਲੱਗਦਾ ਹੈ।

ਮਰਨ ਤੋਂ ਬਾਅਦ ਵੀ ਰੂਹਾਂ ਦਾ ਰਿਸ਼ਤਾ ਖ਼ਤਮ ਨਹੀਂ ਹੁੰਦਾ,
ਕਬਰ 'ਤੇ ਬਲਦੇ ਦੀਵੇ ਦਾ ਵੀ ਇਹੀਓ ਰਾਜ਼ ਲੱਗਦਾ ਹੈ।

ਮੈਂ ਸ਼ਮਾਂ ਵਾਂਗ ਤੇਰੀ ਨਜ਼ਰ ਵਿਚ ਰੌਸ਼ਨ ਨਹੀਂ ਹੁੰਦਾ,
ਜਗਾਂ ਮਜ਼ਦੂਰ ਦੀ ਕੁੱਲੀ 'ਚ ਤਾਂ ਫਿਰ ਨਾਜ਼ ਲੱਗਦਾ ਹੈ।

3.

ਤਲਾਸ਼

ਰੱਬ ਦੀ ਤਲਾਸ਼ 'ਚ
ਮੈਂ ਜ਼ੋਰਦਾਰ ਖੜਕਾਏ
ਮੰਦਿਰਾਂ ਦੇ ਟੱਲ,
ਸਾਰੇ ਦੇ ਸਾਰੇ ਮੱਥੇ 'ਤੇ
ਹਰ ਰੋਜ਼ ਬਣਾਇਆ
ਤਿਲਕ ਦਾ ਨਕਸ਼ਾ।

ਪੂਰੀ ਤਨਦੇਹੀ ਨਾਲ ਪੂਰੇ,
ਗੁਰਦੁਆਰੇ ਦੇ ਸੰਖ
ਲੱਖ ਵਾਰੀ ਨਿਮਾਣਾ ਹੋ ਕੇ,
ਜੋੜੇ ਅਰਦਾਸ 'ਚ ਹੱਥ।

ਬੜੀ ਰੀਝ ਨਾਲ ਜਗਾਈਆਂ,
ਗਿਰਜਾਘਰ 'ਚ ਮੋਮਬੱਤੀਆਂ,
ਪ੍ਰਾਰਥਨਾ ਕਰ-ਕਰ ਕਨਫੈਕਸ਼ਨ ਬਾਕਸ 'ਚ
ਕੱਢੇ ਨੇ ਹਾੜੇ।

ਨਿੱਤ ਨਮਾਜ਼ਾਂ ਲਈ ਹਜ਼ਾਰ ਵਾਰੀ ਝੁਕਿਆ
ਮਸਜਿਦਾਂ 'ਚ ਚਟਾਈਆਂ 'ਤੇ
ਰੋਜ਼ੇ ਵੀ ਰੱਖੇ, ਕਲਮਾ ਵੀ ਪੜ੍ਹਿਆ
ਪਰ ਕਿਤੇ ਨਾ ਮਿਲਿਆ

ਭਗਵਾਨ ਦਾ ਟਿਕਾਣਾ,
ਵਾਹਿਗੁਰੂ ਦਾ ਪਤਾ,
ਅੱਲ੍ਹਾ ਦਾ ਅਕਸ,

ਗੌਡ ਦਾ ਪਰਛਾਵਾਂ।
ਬਹੁਤ ਰੋਏ ਮੇਰੀ ਤਲਾਸ਼ ਦੇ ਸ਼ਬਦਾਂ ਦੇ ਅਰਥ
ਪਾਰਾ-ਪਾਰਾ ਹੋ ਗਈ ਮੇਰੇ ਜਨੂੰਨ ਦੀ ਹੱਦ
ਅਪੰਗ ਹੋ ਗਿਆ ਮੇਰਾ ਖੋਜੀ ਮਨ
ਸੁੰਨ ਹੋ ਗਈ ਸੰਵੇਦਨਾ
ਆਖ਼ਿਰ ਦਫ਼ਨ ਹੋ ਗਈ
ਉਸ ਨੂੰ ਪਾਉਣ ਦੀ ਖਾਹਿਸ਼।
ਕਿਉਂਕਿ
ਮੈਂ ਕਦੇ ਵੀ ਮੰਨ ਨਹੀਂ ਸਕਿਆ
ਪੁਜਾਰੀ ਦਾ ਸੰਦੇਸ਼
ਭਾਈ ਜੀ ਦਾ ਉਪਦੇਸ਼
ਫਾਦਰ ਦੀ ਨਸੀਹਤ
ਮੁੱਲਾਂ ਦੀ ਤਾਕੀਦ,
ਕਿ ਉਸ ਨੂੰ ਪਾਉਣ ਲਈ
ਬੁੱਧ ਬਣਨਾ ਮਨ੍ਹਾ ਹੈ।
ਜ਼ਿਹਨ ਦੇ ਖੇਤ 'ਚ
ਤਰਕ ਦੇ ਬੀਜਾਂ ਦੀ ਮਨਾਹੀ ਹੈ,
ਕੀ ਅਤੇ ਕਿਉਂ ਦੀ ਭਾਸ਼ਾ ਦਾ ਸੰਵਾਦ,
ਗੁਨਾਹ ਹੈ।
ਹਨੇਰੀ ਗੁਫਾ 'ਚ
ਮਸ਼ਾਲ ਦਾ ਪ੍ਰਵੇਸ਼ ਵਰਜਿਤ ਹੈ।
ਪਰ ਕਦੇ-ਕਦੇ ਦਿਲ ਕਰਦਾ ਹੈ,
ਛੱਡ ਦੇਵਾਂ ਕਦੇ-ਕਦੇ ਚਮਕਦਾ-ਦਮਕਦਾ ਰੌਸ਼ਨੀਆਂ ਦਾ ਸ਼ਹਿਰ,
ਦੌੜ ਜਾਵਾਂ ਜੰਗਲ ਵੱਲ,
ਰਲ ਜਾਵਾਂ ਢੱਗਿਆਂ ਦੇ ਵੱਗ 'ਚ
ਬਣ ਜਾਵਾਂ ਗੂੰਗਾ-ਬੋਲ਼ਾ,

ਨੰਗ-ਧੜੰਗਾ,
ਉਹ ਬਣ-ਮਾਨਸ

ਜੋ ਰੱਬ ਨੂੰ ਪਾਉਣ ਦੀਆਂ ਸਾਰੀਆਂ ਸ਼ਰਤਾਂ
ਸ਼ਾਇਦ ਸੌ ਫੀਸਦੀ ਪੂਰੀਆਂ ਕਰਦਾ ਹੈ।
ਸੋਚਦਾਂ ਹਾਂ.....
ਠੇਕ ਦੇਵਾਂ ਤਰਕ ਦੀ ਧੌਣ 'ਚ ਅੰਨ੍ਹੀ ਸ਼ਰਧਾ ਦਾ ਕਿੱਲ।
ਬੀਜ ਦੇਵਾਂ ਭੁੰਨ ਕੇ,
ਹਜ਼ਾਰਾਂ ਸਦੀਆਂ ਦੇ ਕਸ਼ੀਦ ਹੋਏ,
ਸੱਚ ਦੇ ਬੀਜ, ਬੰਜਰ ਕੁੱਖ 'ਚ।
ਫੇਰ ਦੇਵਾਂ ਕਾਲਖ
ਇਤਿਹਾਸ 'ਚ ਉਕਰੇ,
ਮਾਨਸੀ ਚੇਤਨਾ ਦੇ ਸੋਨ-ਬਿਰਤਾਂਤ ' ਤੇ,
ਪਰ.....ਪਰ.....
ਆਪਣੀ ਸ਼ਾਹ ਰਗ ਦਾ ਖੂਨ ਕਿੰਝ ਕਰਾਂ,
ਸੂਰਜ ਨੂੰ ਤਲੀ ਤੇ ਕਿੰਝ ਧਰਾਂ,
ਝੂਠ ਦੇ ਨਾਂ 'ਤੇ ਸੱਚ ਨੂੰ ਫਾਂਸੀ ਕਿੰਝ ਜ਼ਰਾਂ,
ਮੋਕਸ਼ ਦੇ ਨਾਂ 'ਤੇ ਆਪਣੇ ਵਰਤਮਾਨ 'ਚ ਕਿੰਝ ਮਰਾਂ।
ਹਾਂ....ਜੇ ਤਲਾਸ਼, ਸੱਚ ਨੂੰ ਝੂਠ ਦੀ ਹੈ ?
ਤਰਕ ਨੂੰ ਦੰਭ ਦੀ ਹੈ ?
ਸੋਚ ਨੂੰ ਜਨੂੰਨ ਦੀ ਹੈ ?
ਖੁਦ ਨੂੰ ਖੁਦਾ ਦੀ ਹੈ ?
ਤਾਂ ਮੈਂ ਆਪਣੀ ਇਸ ਤਲਾਸ਼ ਦਾ,
ਦਮਨ ਕਰਦਾ ਹਾਂ।
ਦਮਨ .....।

4.

ਰੱਬਾ ਤੇਰੇ ਏਨੇ ਘਰ

ਮੰਦਿਰ, ਮਸਜਿਦ, ਗਿਰਜਾਘਰ,
ਓਏ ਰੱਬਾ! ਤੇਰੇ ਏਨੇ ਘਰ।

ਬੰਦਿਆਂ ਵਾਂਗ ਤੇਰਾ ਸਬਰ ਏ ਹਿੱਲਿਆ,
ਤੂੰ ਵੀ ਮਾਇਆ ਵਿਚ ਗਿਆ ਹੜ੍ਹ।
ਓਏ ਰੱਬਾ! ਤੇਰੇ ਏਨੇ ਘਰ।

ਕੀ ਇੱਕ ਵਿਚ ਤੇਰਾ ਤਖਤ ਨਹੀਂ ਡਹਿੰਦਾ,
ਏਨਾ ਵੱਡਾ ਤੇਰਾ ਲਾਮ-ਲਸ਼ਕਰ,
ਜਾਂ ਫਿਰ ਇੱਕ ਦਾ ਗੁੰਬਦ ਛੋਟਾ,
ਜੋ ਨਹੀਂ ਛੂੰਹਦਾ ਹੈ ਅੰਬਰ।
ਜਾਂ ਇੱਕ ਵਿੱਚ ਸਾਰੀ ਲੁੱਟ ਨਾ ਪੈ ਜੇ,
ਚੋਰ, ਠੱਗਾਂ ਤੋਂ ਲੱਗਦਾ ਡਰ।..
ਓਏ ਰੱਬਾ! ਤੇਰੇ ਏਨੇ ਘਰ।

ਮਹਿਲਾਂ ਵਰਗੇ ਆਲੀਸ਼ਾਨ ਨੇ,
ਲਿਸ਼-ਲਿਸ਼ ਕਰਦੇ ਸੰਗਮਰਮਰ।
ਗੁੰਬਦ, ਕੰਧਾਂ, ਬੂਹਿਆਂ ਉੱਤੇ,
ਸੋਨਾ, ਚਾਂਦੀ ਦਿੱਤਾ ਜੜ।
ਵੇਖ ਸਾਡੇ ਕੱਚੇ ਢਾਰੇ ਚੋਂਦੇ,
ਹਨੇਰ ਉਡਾ ਦਿੰਦੇ ਛੱਪਰ।
ਚੁੱਲ੍ਹੇ, ਜੁੱਲੀਆਂ, ਡੰਗਰ ਰੁੜ ਜਾਣ,
ਡੁੱਬ ਜਾਈਏ ਜਦ ਆਉਂਦੇ ਹੜ੍ਹ।
ਓਏ ਰੱਬਾ। ਤੇਰੇ ਏਨੇ ਘਰ।

ਤੇਰਿਆਂ ਨੇ ਤੈਨੂੰ ਬੇਘਰ ਕਰਕੇ,
ਮਾਲਿਕ ਬਣ ਗਏ ਕਬਜ਼ੇ ਕਰ।

ਪਹਿਲਾਂ ਪੁੱਛਦੇ ਜਾਤ ਕੋੜਮਾ,
ਫਿਰ ਕਹਿੰਦੇ ਨੇ ਅੰਦਰ ਵੜ।
ਇਹਨਾਂ ਵਿਚ ਵੀ ਨਹੀਂ ਤੂੰ ਲੱਭਾ,
ਕਿਹੜੇ ਭੋਰੇ ਬਹਿ ਗਿਆ ਵੜ।
ਇਹ ਵੀ ਗਾਹੇ ਲਏ ਗੋਸ਼ਾ-ਗੋਸ਼ਾ, ਨ
ਹੀਂ ਲੱਗੀ ਤੇਰੀ ਖੋਜ-ਖ਼ਬਰ।
ਤੈਨੂੰ ਲੱਭਦੇ ਖੁਦ ਹੀ ਗੁੰਮ ਗਏ,
ਵਲੀ, ਫਕੀਰ ਤੇ ਪੈਗੰਬਰ।
ਤੇਰੇ ਬਾਝੋਂ ਸਭ ਇਉਂ ਲੱਗਦੇ,
ਸੁੰਨ ਮਸਾਣਾਂ ਤੇ ਖੰਡਰ।..
ਓਏ ਰੱਬਾ! ਤੇਰੇ ਏਨੇ ਘਰ।

ਜਨੌਰ-ਪਰਿੰਦਿਆਂ ਦੇ ਵੀ ਆਲ੍ਹਣੇ,
ਨਾ ਕੋਈ ਸੰਸਾ-ਝੋਰਾ ਡਰ।
ਸੂਰਜ ਦੀ ਟਿੱਕੀ ਦੇ ਹੀ ਡੁੱਬਦਿਆਂ,
ਬੋਟ ਲੈ ਕੇ ਜਾਣ ਅੰਦਰ ਵੜ।
ਨਰਕ ਤੋਂ ਭੈੜੀ ਜੂਨ ਉਹਨਾਂ ਦੀ,
ਜਿੰਨਾਂ ਦੀ ਛੱਤ ਹੈ ਅੰਬਰ,
ਹਾੜ 'ਚ ਭੁੰਜੇ ਮੱਚ-ਮੱਚ ਸੜਦੇ,
ਪੋਹ ਵਿਚ ਜਿਊਂਦੇ ਜਾਂਦੇ ਠਰ,
ਇੱਕ ਅੱਧਾ ਉਹਨਾਂ ਨੂੰ ਦੇ ਦੇ
ਜੋ ਫੁੱਟ-ਪਾਥ 'ਤੇ ਜਾਂਦੇ ਮਰ।..
ਓਏ ਰੱਬਾ! ਤੇਰੇ ਏਨੇ ਘਰ।

ਰੱਬ ਅੱਲਾ ਤੇ ਗੌਡ, ਵਾਹਿਗੁਰੂ,
ਕਿੰਨੇ ਕੁ ਨੇ ਤੇਰੇ ਨਾਂ ਪਤੰਦਰ।

ਕਿੰਨੇ ਧਰਮ ਤੇਰੇ ਕਿੰਨੇ ਧਾਮ ਨੇ
ਕਿੰਨੇ ਭੇਸ ਵਟਾ ਲੈ ਧਰ।
ਕਿਸੇ ਨੂੰ ਦਿੰਦਾ ਸਵਰਗ ਦਾ ਝਾਂਸਾ,
ਕਿਸੇ ਨੂੰ ਨਰਕ ਦੀ ਅੱਗ ਦਾ ਡਰ,
ਲੱਖ ਚੁਰਾਸੀ ਜੂਨਾਂ ਵਾਲੇ,
ਬੰਦਾ ਕੱਟਦਾ ਹੈ ਚੱਕਰ।
ਜੇ ਸਭ ਥਾਂ ਤੇਰੀ ਇੱਕੋ ਜੋਤ ਹੈ,
ਫਿਰ ਰਚਾਏ ਕਿਉਂ ਅਡੰਬਰ,
ਆਹ ਚੱਕ ਫੱਕਰਾਂ ਦੀ ਤੂੰ ਕੁੱਲੀ,
ਭਟਕ ਰਿਹਾ ਜੇ ਤੂੰ ਦਰ-ਦਰ।
ਬੁੱਝ ਲਿਆ ਰਾਜ਼ ਤੂੰ ਕਿੱਥੇ ਰਹਿਨਾਂ,
ਨੇਕ ਦਿਲਾਂ ਦੇ ਧੁਰ ਅੰਦਰ।
ਓਏ ਰੱਬਾ! ਤੇਰੇ ਏਨੇ ਘਰ।

ਮੰਦਿਰ, ਮਸਜਿਦ, ਗਿਰਜਾਘਰ,
ਓਏ ਰੱਬਾ! ਤੇਰੇ ਏਨੇ ਘਰ।